

ਗੁਰਸ਼ਰਨ ਸਿੰਘ ਜੀ ਦਾ ਇਕ ਨਾਟਕੀ ਅੰਦਾਜ਼

## ਗੁਰਸ਼ਰਨ ਸਿੰਘ ਦੇ ਨਾਂ / ਗੁਰਭਜਨ ਗਿੱਲ

ਕਾਲੀ ਬੋਲੀ ਰਾਤ ਹਨੇਰੀ ਚਿਹਰਾ ਨੂਰੋ ਨੂਰ ।
ਹਰ ਪਲ ਮਘਦਾ, ਸੂਹਾ ਸੁਪਨਾ, ਤਪਦਾ ਜਿਵੇਂ ਤੰਦੂਰ ।
ਵੱਡੇ ਘਰ ਦਾ ਜੰਮਿਆ ਜਾਇਆ, ਨੀਵਿਆਂ ਦੇ ਸੰਗ ਯਾਰੀ ।
ਵਾਹੋ ਦਾਹੀ ਤੁਰਿਆ ਜਾਵੇ, ਕਰੇ ਨਾ ਨੀਂਦ ਪਿਆਰੀ ।
ਅੱਧੀ ਸਦੀ ਗੁਜ਼ਾਰੀ ਜਿਸਨੇ, ਦੇ ਦੇ ਏਹੀ ਹੋਕਾ ।
ਗ਼ਫ਼ਲਤ ਦੀ ਜੁੱਲੀ ਦੇ ਹੇਠੋਂ, ਜਾਗ ਜਾਗ ਵੇ ਲੋਕਾ ।
ਸੁਪਨੇ ਤੇ ਆਦਰਸ਼ ਦਾ ਪੈਂਡਾ, ਸਾਹਾਂ ਵਿਚ ਪਰੋਕੇ ।
ਇਨਕਲਾਬ ਦਾ ਪਾਂਧੀ ਬਣਿਆ, ਜਿਸਮ ਲਹੂ ਵਿਚ ਗੋ ਕੇ ।
ਕੋਧਰਿਆਂ ਦੀ ਰੋਟੀ ਵਿਚੋਂ, ਆਪਣਾ ਖ਼ੂਨ ਪਛਾਣੇ ।
ਭਾਗੋ ਦੀ ਬਸਤੀ ਵਿਚ ਰਹਿੰਦਾ, ਫੇਰ ਵੀ ਛਾਤੀ ਤਾਣੇ ।

ਕਲਮਾਂ, ਕਿਰਤ-ਕਮਾਈਆਂ ਵਾਲੇ, ਕਰਕੇ 'ਕੱਠੇ ਸਾਰੇ ।
ਬਿਰਧ ਸਰੀਰ ਅਜੇ ਵੀ ਬੜ੍ਹਕੇ, ਲਾਵੇ ਚੋਟ ਨਗਾਰੇ ।
ਆਦਰਸ਼ਾਂ ਨੂੰ ਸ਼ਬਦ ਬਣਾਇਆ, ਲੋਹਾ ਸ਼ਬਦ ਬਣਾਏ ।
ਲੁੱਟ ਦਾ ਨ੍ਹੇਰ ਮੁਕਾਵਣ ਖ਼ਾਤਰ, ਸਾਡੇ ਰਾਹ ਰੁਸ਼ਨਾਏ ।
ਆਦਮ ਜਾਮੇ ਦੇ ਵਿਚ ਵੇਖੋ, ਕਰਮਯੋਗ ਦੀ ਮੂਰਤ ।
ਉਸਦੀ ਕਲਾ, ਦ੍ਰਿਸ਼ਟੀ ਚਾਹਵੇ, ਘੜਨੀ ਐਸੀ ਸੂਰਤ ।
ਜਿਸ ਵਿਚ ਬੰਦਾ ਬੰਦੇ ਨੂੰ, ਨਾ ਲੁੱਟੇ ਨਾ ਦੁਰਕਾਰੇ ।
ਟੋਏ, ਟਿੱਬੇ ਇਕ ਬਰਾਬਰ, ਕਰਨਾ ਚਾਹਵੇ ਸਾਰੇ ।
ਇਕ ਰੀਝ ਨਿਰੰਤਰ, ਬਣ ਜਾਂ ਮੈਂ ਇਸਦਾ ਪ੍ਰਛਾਵਾਂ ।
ਉਸਦੇ ਸਿਰੜ ਸਮਰਪਣ ਅੱਗੇ, ਮੈਂ ਅੱਜ ਸੀਸ ਝੁਕਾਵਾਂ ।

ਮੰਚ ਰੰਗਮੰਚ, ਅੰਮ੍ਰਿਤਸਰ